# ਡਾਇਰੈਕਟੋਰੇਟ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

## ਮੈਡੀਕਲ ਸਿੱਖਿਆ ਭਵਨ, ਸੈਕਟਰ-69, ਸਾਹਿਬਜ਼ਾਦਾ ਅਜੀਤ ਸਿੰਘ ਨਗਰ

**ਸੇਵਾ ਵਿਖੇ**

ਡਾਇਰੈਕਟਰ,
ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰ: 2ਐਮ.ਈ.1-ਪੰ:-2023/ 14334
ਮਿਤੀ: 12/10/23

ਵਿਸ਼ਾ:- ਸਰਕਾਰੀ ਡੈਂਟਲ ਕਾਲਜ, ਅੰਮ੍ਰਿਤਸਰ ਅਤੇ ਪਟਿਆਲਾ ਵਿਖੇ ਵੱਖ-ਵੱਖ ਵਿਭਾਗਾਂ ਵਿੱਚ ਸਹਾਇਕ ਪ੍ਰੋਫੈਸਰਾਂ ਦੀਆਂ ਤਰੱਕੀ ਕੋਟੇ ਦੀਆਂ ਖਾਲੀ ਅਸਾਮੀਆਂ ਭਰਨ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਸਰਕਾਰੀ ਡੈਂਟਲ ਕਾਲਜ ਅਤੇ ਹਸਪਤਾਲ, ਅੰਮ੍ਰਿਤਸਰ ਅਤੇ ਪਟਿਆਲਾ ਵਿਖੇ ਵੱਖ-ਵੱਖ ਵਿਭਾਗਾਂ ਵਿੱਚ ਛੇਵੇਂ ਪੰਜਾਬ ਤਨਖਾਹ ਕਮਿਸ਼ਨ ਦੇ ਲੈਵਲ 27 ਵਿੱਚ ਤਨਖਾਹ ਸਕੇਲ 122800 ਵਿੱਚ ਮਨਜੂਰਸ਼ੁਦਾ ਸਹਾਇਕ ਪ੍ਰੋਫੈਸਰਾਂ ਦੀਆਂ ਤਰੱਕੀ ਕੋਟੇ ਦੀਆਂ ਅਸਾਮੀਆਂ ਵਿਚੋਂ ਅਨੁਲੱਗ 'ੳ' ਅਨੁਸਾਰ ਖਾਲੀ ਅਸਾਮੀਆਂ ਭਰਨ ਲਈ, ਸਮੇਂ-ਸਮੇਂ ਸਿਰ ਸੋਧੇ ਗਏ "ਪੰਜਾਬ ਡੈਂਟਲ ਐਜੂਕੇਸ਼ਨ (ਗਰੁੱਪ ਏ) ਸਰਵਿਸ ਰੂਲ 2016" ਵਿੱਚ ਕੀਤੇ ਉਪਬੰਧਾਂ ਅਨੁਸਾਰ ਯੋਗ ਉਮੀਦਵਾਰਾਂ ਤੋਂ ਯੋਗ ਪ੍ਰਣਾਲੀ ਰਾਹੀਂ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ। ਯੋਗ ਬਿਨੈਕਾਰ ਅਪਲਾਈ ਕਰਨ ਲਈ ਵਿਭਾਗ ਦੀ ਵੈਬਸਾਈਟ www.punjabmedicaleducation.org ਉੱਤੇ ਆਨ-ਲਾਈਨ ਅਪਲਾਈ ਕਰਨਗੇ, ਆਨ-ਲਾਈਨ ਭਰਿਆ ਫਾਰਮ ਉਮੀਦਵਾਰਾਂ ਵਲੋਂ ਅਪਲਾਈ ਕਰਨ ਸਮੇਂ ਦਿੱਤੀ ਗਈ ਈ-ਮੇਲ ਉੱਤੇ ਪੀ.ਡੀ.ਐਫ. ਫਾਈਲ ਦੇ ਰੂਪ ਵਿੱਚ ਪ੍ਰਾਪਤ ਹੋਵੇਗਾ, ਬਿਨੈਕਾਰ ਇਸ ਦਾ ਪ੍ਰਿੰਟ ਲੈ ਕੇ ਲੋੜੀਂਦੇ ਦਸਤਾਵੇਜ ਲਗਾ ਤਿੰਨ ਮੁਕੰਮਲ ਪੜਤਾਂ ਵਿੱਚ ਆਪਣੇ ਪੋਸਟਿੰਗ ਸਥਾਨ ਉੱਤੇ ਆਪਣੇ ਅਧਿਕਾਰੀ ਨੂੰ ਦੇਵੇਗਾ। ਬਿਨੈਕਾਰ ਦੀ ਤੈਨਾਤੀ ਵਾਲੇ ਦਫਤਰ ਵਲੋਂ ਇਹ ਫਾਰਮ ਤਸਦੀਕ ਕਰਕੇ ਯੋਗ ਪ੍ਰਣਾਲੀ ਰਾਹੀਂ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਨੂੰ ਭੇਜੇ ਜਾਣਗੇ ਅਤੇ ਇੱਕ ਮੁਕੰਮਲ ਅਤੇ ਤਸਦੀਕਸ਼ੁਦਾ ਕਾਪੀ ਸਿੱਧੇ ਤੌਰ ਉੱਤੇ ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਮੈਡੀਕਲ ਸਿੱਖਿਆ ਭਵਨ, ਸੈਕਟਰ-69, ਸਾਹਿਬਜਾਦਾ ਅਜੀਤ ਸਿੰਘ ਨਗਰ ਨੂੰ ਭੇਜੀ ਜਾਵੇਗੀ।

3. ਯੋਗ ਬਿਨੈਕਾਰ ਮਿਤੀ 02 ਨਵੰਬਰ, 2023 ਬਾਅਦ ਦੁਪਹਿਰ 4:00 ਵਜੇ ਤੱਕ ਆਨ-ਲਾਈਨ ਅਪਲਾਈ ਕਰਕੇ ਆਪਣਾ ਫਾਰਮ ਮਿਤੀ 02 ਨਵੰਬਰ, 2023 ਤੱਕ ਆਪਣੇ ਤੈਨਾਤੀ ਸਥਾਨ ਉੱਤੇ ਦੇਣਗੇ। ਜਿਹੜੇ ਬਿਨੈਕਾਰ ਕੇਵਲ ਆਨ-ਲਾਈਨ ਅਪਲਾਈ ਕਰਨਗੇ ਅਤੇ ਆਪਣਾ ਮੁਕੰਮਲ ਫਾਰਮ ਆਪਣੇ ਤੈਨਾਤੀ ਸਥਾਨ ਉੱਤੇ ਨਹੀਂ ਦੇਣਗੇ, ਅਜਿਹੇ ਕੇਵਲ ਆਨ-ਲਾਈਨ ਭਰੇ ਫਾਰਮਾਂ ਉੱਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

4. ਭਰੀਆਂ ਜਾਣ ਵਾਲੀਆਂ ਖਾਲੀ ਅਸਾਮੀਆਂ ਅਤੇ ਰਾਖਵਾਂ ਕਰਨ (ਕਾਡਰ ਸੈਪਰੇਸ਼ਨ ਅਨੁਸਾਰ) ਦਾ ਵੇਰਵਾ ਅਨੁਲੱਗ 'ੳ' ਨਾਲ ਨੱਥੀ ਹੈ। ਖਾਲੀ ਅਸਾਮੀਆਂ ਦੀ ਰਾਖਵਾਂਕਰਨ ਦੀ ਗਿਣਤੀ ਕਾਡਰ

**ਸੈਪਰੇਸ਼ਨ ਅਨੁਸਾਰ ਘਟ ਜਾਂ ਵਧ ਸਕਦੀ ਹੈ।** ਭਲਾਈ ਵਿਭਾਗ ਦੀ ਰੋਸਟਰ ਰਜਿਸਟਰ ਚੈਕਿੰਗ ਟੀਮ ਦੀ ਤਸਦੀਕ/ਵਿਭਾਗੀ ਤਰੱਕੀ ਕਮੇਟੀ ਦੇ ਫੈਸਲੇ ਅਨੁਸਾਰ ਹੋਵੇਗਾ। ਕਿਸੇ ਵੀ ਵਿਭਾਗ ਵਿੱਚ ਕਿਸੇ ਵੀ ਅਸਾਮੀ ਨੂੰ ਭਰਨ ਜਾਂ ਨਾ ਭਰਨ ਜਾਂ ਵਾਪਸ ਲੈਣ ਦਾ ਅਧਿਕਾਰ ਵਿਭਾਗ/ਸਰਕਾਰ ਕੋਲ ਹੋਵੇਗਾ। ਜੇਕਰ ਕਿਸੇ ਕਾਰਨ ਇਹ ਵਿਗਿਆਪਨ ਜਾਂ ਕੋਈ ਅਸਾਮੀ ਵਾਪਸ ਲਈ ਜਾਂਦੀ ਹੈ ਤਾਂ ਵਾਪਸ ਲਈਆਂ ਅਸਾਮੀਆਂ ਉੱਤੇ ਕਿਸੇ ਬਿਨੈਕਾਰ ਨੂੰ ਇਤਰਾਜ ਕਰਨ ਦਾ ਕੋਈ ਅਧਿਕਾਰ ਨਹੀਂ ਹੋਵੇਗਾ।

5. ਇਨ੍ਹਾਂ ਅਸਾਮੀਆਂ ਨੂੰ ਸਮੇਂ-ਸਮੇਂ ਸਿਰ ਸੋਧੇ ਪੰਜਾਬ ਡੈਂਟਲ ਐਜੂਕੇਸ਼ਨ (ਗਰੁੱਪ ਏ) ਸਰਵਿਸ ਰੂਲ, 2016 (ਇਹ ਰੂਲ ਵਿਭਾਗ ਦੀ ਵੈਬਸਾਈਟ ਉੱਤੇ ਉਪਲਬਧ ਹਨ) ਵਿੱਚ ਦਰਜ ਉਪਬੰਧਾਂ ਅਨੁਸਾਰ ਭਰਿਆ ਜਾਵੇਗਾ ਅਤੇ ਇਨ੍ਹਾ ਰੂਲਾਂ ਦੇ ਪੈਰਾ 8, after sub-rule (4) ਅਨੁਸਾਰ ਮਿਤੀ 01.01.2023 ਤੱਕ 45 ਸਾਲ ਤੱਕ ਦੀ ਉਮਰ ਵਾਲੇ ਉਮੀਦਵਾਰ ਹੀ ਯੋਗ ਹੋਣਗੇ ਅਤੇ ਇਸ ਤੋਂ ਵੱਧ ਉਮਰ ਵਾਲੇ ਬਿਨੈਕਾਰ ਯੋਗ ਨਹੀਂ ਹੋਣਗੇ।

6. ਬਿਨੈਕਾਰ ਡਾਕਟਰਾਂ ਦੀ ਪੜ੍ਹਾਈ ਦਾ ਤਜਰਬਾ, ਰੂਰਲ ਸੇਵਾ ਦਾ ਤਜਰਬਾ ਆਦਿ ਯੋਗਤਾ, ਅਪਲਾਈ ਕਰਨ ਦੀ ਅੰਤਿਮ ਮਿਤੀ ਤੱਕ ਗਿਣਿਆਂ ਜਾਵੇਗਾ। ਗਲਤ ਭਰੀਆਂ ਅਰਜੀਆਂ, ਅਧੂਰੀਆਂ ਅਰਜੀਆਂ, ਜਿਨ੍ਹਾਂ ਅਰਜੀਆਂ ਨਾਲ ਵਿੱਦਿਅਕ ਯੋਗਤਾ, ਤਜਰਬਾ ਅਤੇ ਪੜ੍ਹਾਈ ਆਦਿ ਦੇ ਸਰਟੀਫਿਕੇਟਾਂ ਦੀਆਂ ਪੜ੍ਹਨਯੋਗ ਸਵੈ-ਤਸਦੀਕਸ਼ੁਦਾ ਕਾਪੀਆਂ ਨੱਥੀ ਨਹੀਂ ਹੋਣਗੀਆਂ ਜਾਂ ਮਿਥੀ ਮਿਤੀ ਤੋਂ ਬਾਅਦ ਪ੍ਰਾਪਤ ਹੋਣਗੀਆਂ, ਉਨ੍ਹਾਂ ਉੱਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ, ਜਿਸ ਸਬੰਧੀ ਬਿਨੈਕਾਰ ਨੂੰ ਕੋਈ ਸੂਚਨਾ ਨਹੀਂ ਭੇਜੀ ਜਾਵੇਗੀ। ਆਪਣਾ ਫਾਰਮ ਜਮ੍ਹਾਂ ਕਰਵਾਉਣ ਤੋਂ ਬਾਅਦ, ਫਾਰਮ ਨਾਲ ਕੋਈ ਦਸਤਾਵੇਜ ਲਗਾਉਣ ਦੀ ਆਗਿਆ ਨਹੀਂ ਹੋਵੇਗੀ ਅਤੇ ਦੇਰੀ ਨਾਲ ਪੇਸ਼ ਕੀਤੇ ਦਸਤਾਵੇਜ ਉੱਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ। ਇਸ ਲਈ ਬਿਨੈਕਾਰ ਆਪਣਾ ਫਾਰਮ ਹਰ ਪੱਖ ਤੋਂ ਮੁਕੰਮਲ ਕਰਕੇ ਜਮ੍ਹਾਂ ਕਰਵਾਉਣਾ ਯਕੀਨੀ ਬਣਾਉਣਗੇ।

7. ਬਿਨੈਕਾਰਾਂ ਦੀ ਸੀਨੀਅਰਤਾ ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਵਲੋਂ ਤਸਦੀਕ ਅਨੁਸਾਰ ਹੋਵੇਗੀ ਅਤੇ ਸੀਨੀਅਰਤਾ ਸਬੰਧੀ ਕਿਸੇ ਵੀ ਮਾਮਲੇ ਦਾ ਨਿਪਟਾਰਾ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ ਵਲੋਂ ਕੀਤਾ ਜਾਵੇਗਾ।

8. ਕਿਰਪਾ ਕਰਕੇ ਇਹ ਪੱਤਰ ਆਪਣੇ ਅਧੀਨ ਸਾਰੇ ਅਦਾਰਿਆਂ ਵਿੱਚ ਸਰਕੂਲੇਟ ਕਰ ਦਿੱਤਾ ਜਾਵੇ ਅਤੇ ਸਬੰਧਤ ਅਦਾਰਿਆਂ ਦੀਆਂ ਵੈਬ-ਸਾਈਟਾਂ ਉੱਤੇ ਵੀ ਉਪਲਬਧ ਕਰਵਾ ਦਿੱਤਾ ਜਾਵੇ। ਇਸ ਵਿਗਿਆਪਨ ਦੇ ਸਨਮੁੱਖ ਜਿਹੜੀਆਂ ਅਰਜੀਆਂ ਆਪ ਜੀ ਨੂੰ ਯੋਗ ਪ੍ਰਣਾਲੀ ਰਾਹੀਂ ਪ੍ਰਾਪਤ ਹੋਣ, ਉਹ ਅਰਜੀਆਂ ਅਪਲਾਈ ਕਰਨ ਦੀ ਆਖਰੀ ਮਿਤੀ ਤੋਂ ਇੱਕ ਮਹੀਨੇ ਦੇ ਅੰਦਰ ਇਸ ਦਫਤਰ ਨੂੰ ਸਿਹਤ ਵਿਭਾਗ ਵਲੋਂ ਜਾਰੀ ਐਨ.ਓ.ਸੀ. ਸਮੇਤ ਭੇਜਣਾ ਯਕੀਨੀ ਬਣਾਉਣ ਦੀ ਕਿਰਪਾਲਤਾ ਕੀਤੀ ਜਾਵੇ ਜੀ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

ਪਿਠ ਅੰਕਣ ਨੰ: 2ਐਮ.ਈ.1-ਪੰ:-2023/ 14335 ਮਿਤੀ : 12/10/23

ਉਪਰੋਕਤ ਦਾ ਉਤਾਰਾ ਵਿਸੇਸ਼ ਮੁੱਖ ਸਕੱਤਰ ਪੰਜਾਬ ਸਰਕਾਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਨੂੰ ਉਨ੍ਹਾਂ ਦੇ ਡਾਇਰੀ ਨੰ: 533-ਐੱਫ ਮਿਤੀ 15.09.2023 ਰਾਹੀਂ ਦਿੱਤੀ ਪ੍ਰਵਾਨਗੀ ਦੇ ਸਨਮੁੱਖ ਭੇਜਿਆ ਜਾਂਦਾ ਹੈ ਜੀ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

ਅਨੁਲੱਗ "ੳ"

| VACANCY POSITION OF PROMOTION QUOTA POSTS AT ASSISTANT PROFESSOR AT GOVT. DENTAL COLLEGE, PATIALA AND AMRITSAR | | | | | | | |
|---|---|---|---|---|---|---|---|
| Sr. No. | Name of Specialty | GDC Patiala | | | GDC Amritsar | | |
| | | S | F | V | S | F | V |
| 1) | Prosthodontics and Crown and Bridge | 2 | 0 | 2 (SC:1, Gen:1) | 2 | 1 | 1 (SC:1) |
| 2) | Conservative Dentistry and Endodontics | 2 | 1 | 1 (Gen) | 2 | 0 | 2 (SC:1, Gen:1) |
| 3) | Periodontology | 1 | 0 | 1 (Gen) | 1 | 0 | 1 (Gen) |
| 4) | Orthodontics and Dentofacial Orthopaedics | 1 | 0 | 1 (Gen) | 1 | 0 | 1 ( Gen) |
| 5) | Oral and Maxillofacial Surgery | 2 | 0 | 2 (SC:1, Gen:1) | 2 | 1 | 1 (Gen:1) |
| 6) | Oral & Maxillofacial Pathology and Oral Microbiology. | 1 | 0 | 1 (Gen) | 1 | 0 | 1 (Gen) |
| 7) | Oral Medicine and Radiology | 1 | 0 | 1 (Gen) | 1 | 0 | 1 (Gen) |
| 8) | Pediatric Dentistry | 1 | 2 | 0 | 1 | 0 | 0 |
| 9) | Public Health Dentistry | 1 | 0 | 1 (Gen) | 1 | 0 | 1 (Gen) |
| | | 12 | 3 | 10 | 12 | 2 | 9 |